# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 6-10-2023**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਕੇਂਦਰ ਤੇ ਸੂਬਿਆਂ ਦੀਆਂ ਏਜੰਸੀਆਂ ਪਿਛਲੇ 9 ਸਾਲਾਂ ਵਿੱਚ ਦੇਸ਼ 'ਚ ਹਰ ਤਰ੍ਹਾਂ ਦੇ ਅੱਤਵਾਦ ਨੂੰ ਮਜ਼ਬੂਤੀ ਨਾਲ ਰੋਕਣ ਵਿੱਚ ਕਾਮਯਾਬ ਰਹੀਆਂ ਨੇ ।

ਕੌਮੀ ਜਾਂਚ ਏਜੰਸੀ - NIA ਵੱਲੋਂ ਨਵੀਂ ਦਿੱਲੀ ਵਿੱਚ ਕਰਵਾਈ ਗਈ ਦੋ-ਦਿਨ ਦੀ ਅੱਤਵਾਦ ਵਿਰੋਧੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਏਜੰਸੀ ਦੇ ਦਾਇਰੇ ਵਿੱਚ ਇੱਕ ਮਾਡਲ ਅੱਤਵਾਦ ਵਿਰੋਧੀ ਢਾਂਚਾ ਸਥਾਪਤ ਕੀਤਾ ਜਾਣਾ ਚਾਹੀਦਾ ਏ ।

ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਤੇ ਸੂਬਾ ਏਜੰਸੀਆਂ ਵਿਚਾਲੇ ਬਿਹਤਰ ਤਾਲਮੇਲ ਲਈ, ਸੂਬਿਆਂ ਦੀਆਂ ਸਾਰੀਆਂ ਅੱਤਵਾਦ ਵਿਰੋਧੀ ਏਜੰਸੀਆਂ ਦੀ ਜਾਂਚ ਦੀ ਲੜੀ, ਢਾਂਚੇ ਅਤੇ ਮਿਆਰੀ ਕਾਰਜ ਪ੍ਰਣਾਲੀ ਨੂੰ ਇਕਸਾਰ ਬਣਾਇਆ ਜਾਣਾ ਚਾਹੀਦਾ ਏ । ਗ੍ਰਹਿ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਸਾਰੀਆਂ ਅੱਤਵਾਦ ਵਿਰੋਧੀ ਏਜੰਸੀਆਂ ਨੂੰ, ਅੱਤਵਾਦੀਆਂ ਖਿਲਾਫ ਅਜਿਹੀ ਕਾਰਵਾਈ ਕਰਨੀ ਚਾਹੀਦੀ ਏ ਕਿ ਕੋਈ ਨਵਾਂ ਅੱਤਵਾਦੀ ਸੰਗਠਨ ਨਾ ਬਣ ਸਕੇ।

-------------------------------------------------------------------------------

ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਏ ਕਿ ਐਡਵੋਕੇਟ ਜਨਰਲ ਦੀ ਛਾਂਟੀ ਕਰਨ ਨਾਲ ਸਾਡੇ ਇਸ ਸਟੈਂਡ ਦੀ ਮੁੜ ਪੁਸ਼ਟੀ ਹੋਈ ਏ ਕਿ ਪੰਜਾਬ ਵਿਚ ਗੈਰ-ਹਾਜ਼ਰ ਲੋਕਾਂ ਦੀ ਸਰਕਾਰ ਚੱਲ ਰਹੀ ਏ।

ਆਪਣੇ ਇਕ ਟਵੀਟ ਵਿਚ ਉਨਾਂ ਕਿਹਾ ਕਿ SYL ਨਹਿਰ ਦੇ ਮਾਮਲੇ ਵਿਚ ਸਰਕਾਰ ਦੀਆਂ ਕਮਜ਼ੋਰੀਆਂ ਕਾਰਨ ਹੀ ਸੂਬੇ ਦੇ ਲੋਕ ਵੱਡਾ ਸੰਤਾਪ ਝੱਲਣ ਲਈ ਮਜਬੂਰ ਹੋ ਸਕਦੇ ਨੇ । ਸੁਨੀਲ ਜਾਖੜ ਨੇ ਕਿਹਾ ਕਿ ਇਹ ਚਿੱਟਾ ਸੱਚ ਏ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਇਕ ਬੂੰਦ ਵੀ, ਵਾਧੂ ਪਾਣੀ ਨਹੀਂ ਏ ਪਰ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਦਾ ਕੇਸ ਮਜਬੂਤੀ ਨਾਲ ਰੱਖਣ ਵਿਚ ਨਾਕਾਮ ਸਾਬਤ ਹੋਈ ਏ ।

ਉਨ੍ਹਾਂ ਕਿਹਾ ਕਿ ਪੰਚਾਇਤ ਚੋਣਾਂ ਵਾਲੇ ਮਾਮਲੇ ਵਾਂਗ ਹੀ ਸਰਕਾਰ ਨੇ ਇਕ ਵਾਰ ਫਿਰ ਆਪਣੀਆਂ ਨਾਕਾਮੀਆਂ ਦਾ ਦੋਸ਼ ਅਫਸ਼ਰਾਂ ਤੇ ਲਗਾਉਣ ਦਾ ਯਤਨ ਕੀਤਾ ਏ, ਪਰ ਅਜਿਹਾ ਕਰਕੇ ਆਮ ਆਦਮੀ ਪਾਰਟੀ ਸਰਕਾਰ ਆਪਣੀਆਂ ਨਾਕਾਮੀਆਂ ਤੇ ਪਰਦਾ ਨਹੀਂ ਪਾ ਸਕਦੀ ।

---

ਅੰਮ੍ਰਿਤਸਰ ਦੇ ਮਜੀਠਾ ਰੋਡ 'ਤੇ ਸਥਿਤ ਦਵਾਈਆਂ ਬਣਾਉਣ ਵਾਲੀ ਇਕ ਫੈਕਟਰੀ ਵਿਚ, ਕੱਲ ਸ਼ਾਮ ਲੱਗੀ ਭਿਆਨਕ ਅੱਗ ਵਿਚ ਇਕ ਔਰਤ ਸਮੇਤ 4 ਮਜ਼ਦੂਰਾਂ ਦੀ ਮੌਤ ਹੋਣ ਦੀ ਖਬਰ ਏ ।

ਅੱਗ ਲੱਗਣ ਤੋਂ ਬਾਅਦ ਫੈਕਟਰੀ ਵਿੱਚ ਹਫੜਾ-ਦਫੜੀ ਮੱਚ ਗਈ ਅਤੇ ਫੈਕਟਰੀ ਮਾਲਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਅੱਧੀ ਦਰਜਨ ਦੇ ਕਰੀਬ ਗੱਡੀਆਂ ਦੀ ਮਦਦ ਨਾਲ ਦੇਰ ਰਾਤ ਅੱਗ ’ਤੇ ਕਾਬੂ ਪਾਇਆ। ਹਾਦਸੇ ਵਿੱਚ ਮਾਰੇ ਗਏ ਕੁਲਵਿੰਦਰ ਸਿੰਘ, ਰਾਣੀ, ਸੁਖਜੀਤ ਸਿੰਘ ਅਤੇ ਗੁਰਭੇਜ ਸਿੰਘ ਦੀਆਂ ਮ੍ਰਿਤਕ ਦੇਹਾਂ ਨੂੰ ਬਾਹਰ ਕੱਢ ਲਿਆ ਗਿਆ ਏ।

ਜਦੋਂ ਅੱਗ ਲੱਗੀ ਤਾਂ ਫੈਕਟਰੀ ਵਿਚ ਕਈ ਕਰਮਚਾਰੀ ਕੰਮ ਕਰ ਰਹੇ ਸਨ ਅਤੇ ਅੱਗ ਲੱਗਦੇ ਹੀ ਸਾਰੇ ਬਾਹਰ ਵਾਲ ਭੱਜ ਗਏ ਪਰ ਕੁਝ ਜਣੇ ਅੰਦਰ ਹੀ ਫਸ ਗਏ।

-----------------------------------------------------------------

ਦਿੱਲੀ ਰੋਕੂ ਕਸਟਮ ਜ਼ੋਨ ਦੇ ਕਮਿਸ਼ਨਰੇਟ ਆਫ ਕਸਟਮਜ਼ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵੱਲੋਂ, ਵੱਖ-ਵੱਖ ਬ੍ਰਾਂਡ ਦੀਆਂ ਵਿਦੇਸ਼ੀ ਸਿਗਰਟਾਂ, ਬੀਤੇ ਦਿਨੀਂ ਡੇਰਾਬੱਸੀ ਦੇ ਪਿੰਡ ਭਾਂਖਰਪੁਰ ਵਿਖੇ ਪੰਜਾਬ ਕੈਮੀਕਲਜ਼ ਐਂਡ ਕਰੌਪ ਪ੍ਰੋਟੈਕਸ਼ਨ ਲਿਮਟਿਡ ਦੇ ਇੱਕ ਡਿਸਪੋਜ਼ਲ ਯੂਨਿਟ ਵਿੱਚ, ਕਸਟਮ ਅਧਿਕਾਰੀਆਂ ਦੀ ਮੌਜੂਦਗੀ ਵਿਚ ਨਸ਼ਟ ਕੀਤੀਆਂ ਗਈਆਂ।

ਕਸਟਮਜ਼ ਕਮਿਸ਼ਨਰ ਵਰਿੰਦਾਬਾ ਗੋਹਿਲ ਨੇ ਲੁਧਿਆਣਾ ਵਿਚ ਇਹ ਜਾਣਕਾਰੀ ਦੀਦਿਆਂ ਦੱਸਿਆ ਕਿ ਕਰੀਬ 2 ਕਰੋੜ 94 ਲੱਖ ਰੁਪਏ ਕੀਮਤ ਦੀਆਂ ਇਨ੍ਹਾਂ ਸਿਗਰਟਾਂ ਦੀ ਕੁੱਲ ਗਿਣਤੀ 39 ਲੱਖ 40 ਹਜ਼ਾਰ ਸੀ।

ਜ਼ਿਕਰਯੋਗ ਏ  ਕਿ ਕਸਟਮਜ਼ ਕਮਿਸ਼ਨਰੇਟ, ਲੁਧਿਆਣਾ ਵੱਲੋਂ ਕਸਟਮ ਐਕਟ, 1962 ਅਤੇ ਕੋਟਪਾ ਐਕਟ, 2003 ਤਹਿਤ ਵੱਖ-ਵੱਖ ਬ੍ਰਾਂਡ ਦੀਆਂ ਵਿਦੇਸ਼ੀ ਮੂਲ ਦੀਆਂ ਸਿਗਰਟਾਂ ਦੀਆਂ ਕਈ ਖੇਪਾਂ ਜ਼ਬਤ ਕੀਤੀਆਂ ਗਈਆਂ ਸਨ।

--------------------------------------------------------------

ਮਾਲੇਰਕੋਟਲਾ ਜ਼ਿਲ੍ਹੇ ਵਿੱਚ "ਮੇਰੀ ਮਾਟੀ, ਮੇਰਾ ਦੇਸ਼" ਮੁਹਿੰਮ ਤਹਿਤ "ਅੰਮ੍ਰਿਤ ਕਲਸ਼ ਯਾਤਰਾ" ਦੌਰਾਨ ਸਮੁੱਚੇ ਪਿੰਡਾਂ ਤੋਂ ਇਕੱਤਰ ਮਿੱਟੀ ਕੱਲ੍ਹ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਪੰਜਾਬ ਸਟੇਟ ਹੈੱਡ ਕੁਆਟਰ  ਭੇਜਣ ਲਈ ਇਕੱਤਰ ਕੀਤੀ ਗਈ ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪੱਲਵੀ ਤੋਂ ਅਲਾਵਾ ਪ੍ਰਸ਼ਾਸਨ ਦੇ ਅਧਿਕਾਰੀ, ਜ਼ਿਲ੍ਹੇ ਦੇ ਸਰਪੰਚ ਅਤੇ ਦੇਸ਼ ਦੀ ਰੱਖਿਆ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਤੇ ਸੁਰਵੀਰਾਂ, ਸ਼ਹੀਦ ਨਾਇਕਾਂ ਅਤੇ ਨਾਇਕਾਵਾਂ ਦੇ ਪਰਿਵਾਰਕ ਮੈਂਬਰ ਮੌਜੂਦ ਰਹੇ ।

ਇਸ ਮੌਕੇ ਡਾ ਪੱਲਵੀ ਨੇ ਦੇਸ਼ ਦੀ ਰੱਖਿਆ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਤੇ ਸੁਰਵੀਰਾਂ, ਸ਼ਹੀਦ ਨਾਇਕਾਂ ਅਤੇ ਨਾਇਕਾਵਾਂ ਦੇ ਕਰੀਬ 55 ਪਰਿਵਾਰ ਮੈਂਬਰਾਂ ਨੂੰ ਸਨਮਾਨਤ ਕੀਤਾ ।

--------------------------------------------------------------

ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਲਿਮਿਟਡ  ਦੀ ਟੀਮ ਨੇ, ਆਪਣੀ ਮਜਬੂਤੀ ਅਤੇ ਟੀਮਵਰਕ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ, ਅਰੁਣਾਚਲ ਪ੍ਰਦੇਸ਼ ਦੇ

ਤਵਾਂਗ ਵਿਖੇ, 28 ਸਤੰਬਰ ਤੋਂ ਪਹਿਲੀ ਅਕਤੂਬਰ ਤੱਕ ਹੋਈ 36ਵੀਂ ਨੈਸ਼ਨਲ ਟੱਗ ਆਫ ਵਾਰ ਚੈਂਪੀਅਨਸ਼ਿਪ ਜਿੱਤ ਲਈ ਏ।

ਟੀਮ ਦੇ ਮਿਸਾਲੀ ਪ੍ਰਦਰਸ਼ਨ ਨੇ, ਨਾ ਸਿਰਫ ਸੰਸਥਾ ਦਾ ਮਾਣ ਵਧਾਇਆ ਏ ਸਗੋਂ ਖੇਡਾਂ ਦੇ ਖੇਤਰ ਵਿੱਚ, ਪੰਜਾਬ ਦਾ ਨਾਮ ਹੋਰ ਉੱਚਾ ਕੀਤਾ ਏ । ਫਾਈਨਲ ਮੁਕਾਬਲੇ ਵਿੱਚ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਨੇ ਹਰਿਆਣਾ ਦੀ ਟੀਮ ਨੂੰ ਹਰਾਇਆ ।

ਕਾਰਪੋਰੇਸ਼ਨ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਬਲਦੇਵ ਸਿੰਘ ਸਰਾਂ ਅਤੇ ਡਾਇਰੈਕਟਰ ਪ੍ਰਸ਼ਾਸਨ ਜਸਬੀਰ ਸਿੰਘ ਸੁਰ ਸਿੰਘ ਨੇ, ਜੇਤੂ ਟੀਮ ਨੂੰ ਸਨਮਾਨ ਚਿੰਨ ਭੇਟ ਕਰਨ ਸਣੇ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ।

---

ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਕਸਬੇ ਦੀ ਵਸਨੀਕ ਭਾਰਤੀ ਐਥਲੀਟ ਹਰਮਿਲਨ ਬੈਂਸ ਨੇ ਏਸ਼ੀਆਈ ਖੇਡਾਂ ਵਿਚ ਔਰਤਾਂ ਦੀ 800 ਮੀਟਰ ਦੌੜ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ 21 ਸਾਲਾਂ ਬਾਅਦ ਇਤਿਹਾਸ ਦੁਹਰਾਇਆ ਏ। ਇਸ ਤੋਂ ਪਹਿਲਾਂ ਉਸਨੇ 1500 ਮੀਟਰ ਦੀ ਦੌੜ ਵਿਚ ਚਾਂਦੀ ਦਾ ਤਗ਼ਮਾ ਜਿਤਿਆ ਏ ।

ਜ਼ਿਕਰਯੋਗ ਏ ਕਿ ਹਰਮਿਲਨ ਦੀ ਮਾਤਾ ਮਾਧੁਰੀ ਏ. ਸਿੰਘ ਨੇ ਸਾਲ 2002 ਦੀਆਂ ਬੁਸਾਨ ਏਸ਼ਿਆਈ ਖੇਡਾਂ ਵਿੱਚ 800 ਮੀਟਰ ਦੌੜ ਵਿੱਚ

ਚਾਂਦੀ ਦਾ ਤਗ਼ਮਾ ਜਿੱਤਿਆ ਸੀ ਜਦਕਿ ਉਸ ਦੇ ਪਿਤਾ ਅਮਨਦੀਪ ਸਿੰਘ ਨੇ ਵੀ ਦੇਸ਼ ਲਈ ਕਈ ਤਗਮੇ ਜਿਤੇ ਨੇ।

ਸਾਡੇ ਪਤਰਕਾਰ ਸੰਜੀਵ ਬਖਸ਼ੀ ਅਨੁਸਾਰ ਹੁਸ਼ਿਆਰਪੁਰ ਨੇ ਕਈ ਨਾਮੀ ਅਥਲੀਟ ਪੈਦਾ ਕੀਤੇ ਨੇ, ਪਰ ਅੱਜ ਤੱਕ ਇੱਥੇ ਕੋਈ ਐਥਲੈਟਿਕਸ ਟਰੈਕ ਨਹੀਂ ਏ, ਜਿਸ ਕਾਰਨ ਹਰਮਿਲਨ ਬੈਂਸ ਨੂੰ ਪ੍ਰੈਕਟਿਸ ਲਈ ਹੋਰਨਾਂ ਜ਼ਿਲ੍ਹਿਆਂ ਤੋਂ ਇਲਾਵਾ ਹੋਰ ਸੂਬਿਆਂ ਵਿੱਚ ਵੀ ਜਾਣਾ ਪਿਆ ਏ।